# ਹੁਣ ਪਾਣੀ ਅੱਗ ਲਗੌਂਦੇ ਪਏ

ਜੋ ਪਾਣੀ ਅੱਗ ਬੁਝੌਂਦੇ ਸੀ
ਉਹ ਪਾਣੀ ਅੱਗ ਲਗੌਂਦੇ ਪਏ
ਹੁਣ ਨਹੁੰ ਮਾਸ ਦੇ ਰਿਸ਼ਤੇ ਚ
ਪਾਣੀ ਤਰੇੜਾਂ ਪੌਂਦੇ ਪਏ

ਜੋ ਕਲ ਕਲ ਕਰ ਕੇ ਵਗਦੇ ਸੀ
ਹੁਣ ਉਛਲ ਉਛਲ ਆਓਂਦੇ ਪਏ
ਹੁਣ ਫਨੀਅਰ ਵਾਂਗਰ ਸ਼ੂਕਦੇ ਨੇ
ਤੇ ਸਿਰੀਆਂ ਚੁਕ ਡਾਰੌਂਦੇ ਪਏ

ਸਤਲੁਜ ਤੇ ਯਮੁਨਾ ਜੋੜਨ ਲਈ
ਜੋ ਨਹਿਰ ਬਣਾਈ ਜਾਣੀ ਸੀ
ਓਸੇ ਵਿਚ ਮਿੱਟੀ ਪੌਂਦੇ ਪਏ
ਓਸੇ ਦੀ ਹੋਂਦ ਮਿਟੌਂਦੇ ਪਏ

ਜੋ ਪਾਣੀ ਭਾਈ ਕੰਹੀਆ ਨੇ
ਵੈਰੀ ਨੂੰ ਮੁਫਤ ਪਿਲਾਇਆ ਸੀ
ਹੁਣ ਬਹੁਤਾ ਨਫ਼ਾ ਕਮਾਵਣ ਲਈ
ਮੁੱਲੋਂ ਵੀ ਨਹੀਂ ਪਿਲੌਂਦੇ ਪਏ

ਹੁਣ ਪਾਣੀ ਇਤਨਾ ਮੇਹੰਗਾ ਹੈ
ਤੇ ਖ਼ੂਨ ਵੀ ਇਸਤੋਂ ਸਸਤਾ ਹੈ
ਹੁਣ ਬਹੁਤਾ ਨਫ਼ਾ ਕਮਾਵਣ  ਲਈ
ਪਾਣੀ ਵਿਚ ਖ਼ੂਨ ਮਿਲੋਂਦੇ ਪਏ

ਹੁਣ ਪਾਣੀ ਉਬਲਣ ਲੱਗਾ ਹੈ
ਛਾਲੇ ਪੌਂਦਾ ਹੈ ਪਿੰਡੇ ਤੇ
ਸ਼ਾਬਾਸ਼ ਸਿਆਸਤ ਦਾਨਾ ਦੇ
ਜੋ ਪਾਣੀ ਵਿਚ ਨਾਹੋਂਦੇ  ਪਏ

ਕਦੇ ਲੀਡਰ ਅੱਗ ਬੁਝੋਂਦੇ ਸੀ
ਹੁਣ ਲੀਡਰ ਅੱਗ ਲਗੋਂਦੇ ਪਾਏ
ਉਹ "ਪਾਣੀ ਪਾਣੀ" ਨਹੀਂ ਹੁੰਦੇ
ਸ਼ਰਮਾਂ  ਨੂੰ ਦੂਰ ਭ੍ਜੋਂਦੇ ਪਏ